ਨੱਥੀ-ਪੱਤਰ-13

ਬ੍ਰਾਂਚ ਮੈਨੇਜਰ,
ਭਾਰਤੀ ਸਟੇਟ ਬੈਂਕ

...................

**ਸ਼੍ਰੀਮਾਨ ਜੀ,**

**ਤਨਖਾਹ ਖਾਤੇ ਵਿੱਚ ਓਵਰਡ੍ਰਾਫਟ ਲਈ ਬੇਨਤੀ**

ਮੇਰਾ (ਸੈਲਰੀ ਪੈਕੇਜ) ਬੱਚਤ ਖਾਤਾ ਨੰਬਰ............................................ ਆਪ ਜੀ ਦੀ ਬ੍ਰਾਂਚ ਵਿੱਚ ਹੈ।

**2.** ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਮੈਨੂੰ ਹੇਠ ਲਿਖੇ ਅਨੁਸਾਰ ਓਵਰਡ੍ਰਾਫਟ ਲਿਮਿਟ (ਸਹੂਲਤ) ਪ੍ਰਦਾਨ ਕੀਤੀ ਜਾਵੇ।

- ਲੋੜੀਂਦੀ ਓਵਰਡ੍ਰਾਫਟ ਰਕਮ #: ਰੁਪਏ __________
- ਸ਼ੁੱਧ ਮਹੀਨਾਵਾਰ ਤਨਖਾਹ: ਰੁਪਏ __________
- ਭੁਗਤਾਨ ਦੀ ਮਿਆਦ: (___) ਮਹੀਨੇ (ਅਧਿਕਤਮ 6 ਮਹੀਨੇ)

ਮੈਂ ਤੁਹਾਡੀ ਸਹੂਲਤ ਲਈ ਆਪਣੀਆਂ ਤਾਜ਼ਾ ਦੋ ਮਹੀਨਿਆਂ ਦੀ ਸੈਲਰੀ ਸਲਿੱਪ ਦੀ ਫੋਟੋਕਾਪੀ ਨੱਥੀ ਕਰ ਰਿਹਾ ਹਾਂ। ਉਪਰੋਕਤ ਲੋਨ ਮੇਰੇ ਜਰੂਰੀ ਨਿੱਜੀ/ਘਰੇਲੂ ਖਰਚੇ ਪੂਰੇ ਕਰਨ ਲਈ ਲੋੜੀਂਦਾ ਹੈ। (# ਵੱਧ ਤੋਂ ਵੱਧ ਦੋ ਮਹੀਨਿਆਂ ਦੀ ਸ਼ੁੱਧ ਤਨਖਾਹ ਦੇ ਬਰਾਬਰ)

**3.** ਤੁਹਾਡੇ ਵੱਲੋਂ ਮੈਨੂੰ ਉਪਰੋਕਤ ਸਹੂਲਤ ਦੇਣ 'ਤੇ ਵਿਚਾਰ ਕਰਦੇ ਹੋਏ, ਮੈਂ ਸਹਿਮਤ ਹਾਂ:

1. ਕਿ ਓਵਰਡ੍ਰਾਫਟ ਲੋਨ ਦੀ ਰਕਮ 'ਤੇ ਵਿਆਜ 6 ਮਹੀਨਿਆਂ ਦੇ MCLR ______ % ਤੋਂ ______ bps ਉੱਪਰ ਲਾਗੂ ਕੀਤਾ ਜਾਵੇਗਾ, ਯਾਨੀ ਮੌਜੂਦਾ ਪ੍ਰਭਾਵੀ ਵਿਆਜ ਦਰ ______ % ਪ੍ਰਤੀ ਵਰ੍ਹਾ ਹੈ, ਜੋ ਮਹੀਨਾਵਾਰ ਅਧਾਰ 'ਤੇ ਲਾਗੂ ਹੋਵੇਗੀ। ਬੈਂਕ ਕਿਸੇ ਵੀ ਸਮੇਂ, ਆਪਣੇ ਵਿਵੇਕ ਅਨੁਸਾਰ, ਸਪ੍ਰੈਡ/ਬੇਸ ਰੇਟ ਵਿੱਚ ਤਬਦੀਲੀ ਕਰਨ ਦਾ ਅਧਿਕਾਰ ਰੱਖਦਾ ਹੈ।
2. ਕਿ ਓਵਰਡ੍ਰਾਫਟ ਸਹੂਲਤ ਘਟਦੀ ਡ੍ਰਾਇੰਗ ਪਾਵਰ ਦੇ ਅਧਾਰ 'ਤੇ ਮਹੀਨਾਵਾਰ ਅੰਤਰਾਲਾਂ 'ਤੇ ਚੱਲੇਗੀ, ਲੋਨ ਦੀ ਮਿਆਦ ਅਨੁਸਾਰ ਕਿਸ਼ਤ ਦੇ ਅਨੁਪਾਤ ਵਿੱਚ, ਜੋ ਸਹੂਲਤ ਦੀ ਮਨਜ਼ੂਰੀ ਦੀ ਤਾਰੀਖ ਤੋਂ ਅਗਲੇ ਮਹੀਨੇ ਤੋਂ ਸ਼ੁਰੂ ਹੋਵੇਗੀ। ਵਿਆਜ ਮਹੀਨਾਵਾਰ ਅਦਾ ਕੀਤਾ ਜਾਵੇਗਾ। ਬੈਂਕ ਪ੍ਰਤੀ ਜ਼ਿੰਮੇਵਾਰੀ ਤਦ ਹੀ ਸਮਾਪਤ ਹੋਵੇਗੀ ਜਦੋਂ ਸਾਰੀਆਂ ਕਿਸ਼ਤਾਂ ਅਤੇ ਲਾਗੂ ਵਿਆਜ ਦੀ ਅਦਾਇਗੀ ਨਾਲ ਓਵਰਡ੍ਰਾਫਟ ਵਿੱਚ ਬਾਕੀ ਰਕਮ ਸਿਫ਼ਰ ਹੋ ਜਾਵੇਗੀ।

**4.** ਮੈਂ ਹੋਰ ਵਚਨਬੱਧ ਹੁੰਦਾ ਹਾਂ:

1. ਕਿ ਮੇਰੀ ਸੇਵਾਮੁਕਤੀ ਦੀ ਤਾਰੀਖ **....../....../.......** (ਦਦ/ਮਮ/ਸਸਸ) ਹੈ ਅਤੇ ਮੇਰੀ ਬਾਕੀ ਸਰਵਿਸ ਮੌਜੂਦਾ ਤਾਰੀਖ ਅਨੁਸਾਰ ਘੱਟੋ-ਘੱਟ 6 ਮਹੀਨੇ ਹੈ।

2. ਕਿ ਓਵਰਡ੍ਰਾਫਟ ਅਡਵਾਂਸ ਦੀ ਸ਼ਰਤ ਵਜੋਂ, ਮੈਂ ਆਪਣੇ ਰੁਜ਼ਗਾਰਦਾਤਾ ਨੂੰ ਦਿੱਤੇ ਅਖਤਿਆਰ/ਹਦਾਇਤਾਂ ਨੂੰ ਵਾਪਸ ਨਹੀਂ ਲਵਾਂਗਾ, ਜਿਨ੍ਹਾਂ ਅਨੁਸਾਰ ਮੇਰੀ ਤਨਖਾਹ ਤੁਹਾਡੇ ਨਾਲ ਬੱਚਤ ਖਾਤੇ ਵਿੱਚ ਜਮ੍ਹਾਂ ਕੀਤੀ ਜਾਂਦੀ ਹੈ, ਜਦੋਂ ਤੱਕ ਓਵਰਡ੍ਰਾਫਟ ਦੀ ਪੂਰੀ ਅਦਾਇਗੀ ਵਿਆਜ ਸਮੇਤ ਨਹੀਂ ਹੋ ਜਾਂਦੀ।

3. ਕਿ ਮੈਂ ਓਵਰਡ੍ਰਾਫਟ ਸਕੀਮ ਅਨੁਸਾਰ ਬੈਂਕ ਵੱਲੋਂ ਲੋੜੀਂਦੇ ਅਖਤਿਆਰ/ਦਸਤਾਵੇਜ਼, ਜੇ ਕੋਈ ਹੋਣ, ਉੱਤੇ ਹਸਤਾਖਰ ਕਰਾਂਗਾ।

4. ਕਿ ਜੇਕਰ ਕਿਸੇ ਵੀ ਕਾਰਨ ਮੇਰੀ ਤਨਖਾਹ ਉਪਰੋਕਤ ਖਾਤੇ ਵਿੱਚ ਜਮ੍ਹਾਂ ਨਹੀਂ ਹੁੰਦੀ, ਤਾਂ ਮੈਂ ਮਹੀਨਾਵਾਰ ਕਿਸ਼ਤ ਵਿਆਜ ਸਮੇਤ ਨਿਯਤ ਤਾਰੀਖ 'ਤੇ ਜਾਂ ਉਸ ਤੋਂ ਪਹਿਲਾਂ ਅਦਾ ਕਰਾਂਗਾ।

5. ਕਿ ਜੇਕਰ ਮੈਂ ਆਪਣੀ ਤਨਖਾਹ ਕਿਸੇ ਹੋਰ ਬੈਂਕ ਵਿੱਚ ਜਮ੍ਹਾਂ ਕਰਵਾਉਣੀ ਚਾਹਾਂ, ਤਾਂ ਮੈਂ ਭਾਰਤੀ ਸਟੇਟ ਬੈਂਕ ਤੋਂ 'ਕੋਈ ਇਤਰਾਜ਼ ਨਹੀਂ ਦਾ ਪ੍ਰਮਾਣ-ਪੱਤਰ' ਪ੍ਰਾਪਤ ਕਰਾਂਗਾ।

6. ਕਿ ਮੈਂ ਬੈਂਕ ਨੂੰ ਆਪਣੇ ਅਸਤੀਫੇ, ਤਬਾਦਲੇ, ਸੇਵਾਮੁਕਤੀ ਜਾਂ ਸੇਵਾ ਸਮਾਪਤੀ ਦੀ ਸਥਿਤੀ ਵਿੱਚ ਸੂਚਿਤ ਕਰਾਂਗਾ।

**5.** ਜੇਕਰ ਮਹੀਨਾਵਾਰ ਤਨਖਾਹ ਬਚਤ ਖਾਤੇ ਵਿੱਚ ਜਮ੍ਹਾਂ ਹੋਣ ਵਿੱਚ ਦੇਰੀ/ਉਕਾਈ ਹੁੰਦੀ ਹੈ, ਜਿਸ ਨਾਲ ਖਾਤੇ ਵਿੱਚ ਡਿਫਾਲਟ ਹੁੰਦਾ ਹੈ, ਤਾਂ ਬੈਂਕ ਯਾਦ ਦਿਵਾਉਣ ਵਾਲੇ ਪੱਤਰ ਭੇਜ ਸਕਦਾ ਹੈ ਅਤੇ ਇਸ ਨਾਲ ਸੰਬੰਧਿਤ ਸਾਰੇ ਖਰਚੇ ਮੇਰੇ/ਸਾਡੇ ਤੋਂ ਵਸੂਲ ਕੀਤੇ ਜਾਣਗੇ।

ਮੈਂ ਇਸ ਲਈ ਵੀ ਸਹਿਮਤ ਹਾਂ ਕਿ ਬੈਂਕ ਨੂੰ ਇਹ ਆਜ਼ਾਦੀ ਹੈ ਕਿ ਉਹ ਮੇਰੀ ਕ੍ਰੈਡਿਟ ਜਾਣਕਾਰੀ ਨੂੰ ਕ੍ਰੈਡਿਟ ਇਨਫਰਮੇਸ਼ਨ ਕੰਪਨੀ (ਰੇਗੂਲੇਸ਼ਨ) ਐਕਟ, 2005 ਅਧੀਨ ਬਣਾਈ ਗਈ ਇਨਫਰਮੇਸ਼ਨ ਕੰਪਨੀ ਨਾਲ ਸਾਂਝੀ/ਪ੍ਰਕਾਸ਼ਿਤ ਕਰ ਸਕਦਾ ਹੈ, ਜਿਵੇਂ ਕਿ ਮੇਰੇ ਨਾਲ ਦਿੱਤੇ ਗਏ ਕਰਜ਼ਿਆਂ ਬਾਰੇ ਅਤੇ ਕਿਸੇ ਹੋਰ ਢੰਗ ਨਾਲ, ਜਿਸਨੂੰ ਰਿਜ਼ਰਵ ਬੈਂਕ ਆਫ ਇੰਡੀਆ (RBI) ਕ੍ਰੈਡਿਟ ਇਨਫਰਮੇਸ਼ਨ ਕੰਪਨੀਆਂ ਵੱਲੋਂ ਇਕੱਠੀ ਕੀਤੀ ਅਤੇ ਸੰਭਾਲੀ ਜਾਣ ਵਾਲੀ ਕ੍ਰੈਡਿਟ ਜਾਣਕਾਰੀ ਵਿੱਚ ਸ਼ਾਮਲ ਕਰਨ ਲਈ ਲੋੜੀਂਦੀ ਸਮਝਦਾ ਹੈ, ਅਤੇ ਬੈਂਕ ਮੇਰੇ/ਸਾਡੇ ਪ੍ਰਤੀ ਕਿਸੇ ਵੀ ਢੰਗ ਨਾਲ ਉਪਰੋਕਤ ਜਾਣਕਾਰੀ ਇਨਫਰਮੇਸ਼ਨ ਕੰਪਨੀ ਨੂੰ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਨਹੀਂ ਹੈ।।

**ਆਪ ਦਾ ਵਿਸ਼ਵਾਸ ਪਾਤਰ,**

(ਦਰਖ਼ਾਸਤਕਾਰ)

ਨਾਮ: __________

ਪਤਾ: __________

ਤਾਰੀਖ: __________